Punjab Express - 16-01-2021

# ESIC disbursed more than ₹16 lakh as unemployment allowance amid COVID-19 lockdown

**PUNJAB EXPRESS BUREAU**
Ludhiana, January 15



ESI Corporation under the aegis of Union Ministry of Labour and Employment had made provisions to enhance the rate of unemployment allowance under Atal Beemit Vyakti Kalyan Yojna and relaxed the eligibility conditions for those who lost their job during COVID-19 pandemic.

The relief was enhanced to 50 per cent of average daily wages from 25 per cent with relaxed eligibility conditions for those Insured Persons who lost their jobs from March 24, 2020, till December 31, 2020. Till now, an amount of more than Rs 16 lakh has been disbursed through claims received from nearly 300 Insured Persons in five Branch Offices of ESIC located in Ludhiana. Sunil Kumar Yadav, Deputy Director Incharge, Sub Regional Office, ESI Corporation, Focal Point, Ludhiana, informed that the scheme has been effective from July 2018 and was implemented on a pilot basis for two years initially. Under the Scheme, the financial assistance has been provided after 90 days of job loss which was relaxed to 30 days. As of now, the Scheme will be available with original conditions till June 30, 2021.

To avail the benefit under the scheme Insured Persons should have fulfilled following conditions, i.e. the Insured Person should have been rendered unemployed for the period of which the relief is claimed, IP should have been in insurable employment for a minimum period of two years immediately before his unemployment.

He/she should have contributed not less than 78 days in the contribution period immediately preceding to unemployment and minimum 78 days in one of the remaining three contribution periods in two years prior to unemployment, the contingency of unemployment should not have been as a result of any punishment for misconduct or superannuation, the claim can be filed directly by workers.

Punjabi Jagran
16-01-2021

# ਬੇਰੁਜ਼ਗਾਰੀ ਭੱਤੇ ਵਜੋਂ 16 ਲੱਖ ਵੰਡੇ

ਪੱਤਰ ਪ੍ਰੇਰਕ, ਲੁਧਿਆਣਾ : ਭਾਰਤ ਸਰਕਾਰ ਦੇ ਕਿਰਤ ਅਤੇ ਰੋਜ਼ਗਾਰ ਮੰਤਰਾਲੇ ਦੀ ਅਗਵਾਈ ਵਿੱਚ ਕਰਮਚਾਰੀ ਰਾਜ ਬੀਮਾ ਨਿਗਮ ਵੱਲੋਂ 24 ਮਾਰਚ, 2020 ਤੋਂ 31 ਦਸੰਬਰ, 2020 ਤੱਕ ਕੋਵਿਡ-19 ਮਹਾਂਮਾਰੀ ਦੌਰਾਨ ਬੇਰੋਜ਼ਗਾਰ ਹੋਏ ਕਰਮਚਾਰੀਆ ਲਈ ਯੋਗਤਾ ਦੀਆਂ ਸ਼ਰਤਾਂ ਵਿੱਚ ਢਿੱਲ ਦੇਣ ਦੇ ਨਾਲ-ਨਾਲ ਅਟਲ ਬੀਮਿਤ ਵਿਅਕਤੀ ਕਲਿਆਣ ਯੋਜਨਾ ਤਹਿਤ 90 ਦਿਨਾਂ ਦੀ ਤਨਖਾਹ ਦਾ 50 ਪ੍ਰਤੀਸ਼ਤ ਬੇਰੋਜ਼ਗਾਰ ਭੱਤੇ ਦੇ ਰੂਪ ਵਿੱਚ ਦੇਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਹੈ।

ਇਸ ਯੋਜਨਾ ਤਹਿਤ ਸਥਾਨਕ ਲੁਧਿਆਣਾ ਦੇ ਕਰਮਚਾਰੀ ਰਾਜ ਬੀਮਾ ਨਿਗਮ ਦੇ 5 ਸ਼ਾਖਾ ਦਫਤਰਾਂ ਵਿੱਚ ਤਕਰੀਬਨ 300 ਤੋਂ ਜ਼ਿਆਦਾ ਦਾਅਵਿਆਂ ਦਾ ਨਿਪਟਾਰਾ ਕਰਦਿਆਂ 16 ਲੱਖ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਦਾ ਭੁਗਤਾਨ ਸਿੱਧੇ ਬੇਰੁਜ਼ਗਾਰ ਹੋਏ ਕਰਮਚਾਰੀਆਂ ਦੇ ਖਾਤਿਆਂ ਵਿਚ ਜਾ ਚੁੱਕਾ ਹੈ। ਡਿਪਟੀ ਡਾਇਰੈਕਟਰ ਇੰਚਾਰਜ, ਸਬ ਰੀਜਨਲ ਆਫਿਸ, ਈਐਸਆਈ. ਕਾਰਪੋਰੇਸ਼ਨ, ਫੋਕਲ ਪੁਆਇੰਟ, ਲੁਧਿਆਣਾ ਸੁਨੀਲ ਕੁਮਾਰ ਯਾਦਵ ਨੇ ਦੱਸਿਆ ਕਿ ਇਹ ਯੋਜਨਾ ਮੂਲ ਰੂਪ ਵਿੱਚ ਜੁਲਾਈ 2018 ਤੋਂ ਹੀ ਲਾਗੂ ਹੈ ਜੋ ਸ਼ੁਰੂਆਤੀ 2 ਸਾਲਾਂ ਲਈ ਹੀ ਪਾਇਲਟ ਪ੍ਰੋਜੈਕਟ ਦੇ ਤਹਿਤ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ 25 ਪ੍ਰਤੀਸ਼ਤ ਤੱਕ ਹੀ ਬੇਰੋਜ਼ਗਾਰੀ ਭੱਤਾ ਦੇਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ ਪਰ ਕੋਵਿਡ-19 ਮਹਾਂਮਾਰੀ ਦੌਰਾਨ ਬੇਰੋਜ਼ਗਾਰੀ ਨੂੰ ਦੇਖਦੇ ਹੋਏ ਇਸ ਯੋਜਨਾ ਦੀ ਯੋਗਤਾ ਦੀਆਂ ਸ਼ਰਤਾਂ ਵਿੱਚ ਢਿੱਲ ਦਿੰਦਿਆਂ ਰਾਹਤ ਦੀ ਦਰ ਨੂੰ 50 ਪ੍ਰਤੀਸ਼ਤ ਤੱਕ ਕਰ ਦਿੱਤਾ ਗਿਆ ਹੈ ਅਤੇ ਇਸ ਯੋਜਨਾ ਦਾ ਦਾਇਰਾ ਪਹਿਲਾਂ ਹੀ 30 ਜੂਨ, 2021 ਤੱਕ ਵਧਾ ਦਿੱਤਾ ਗਿਆ ਹੈ।